# बाहर गुफ़ा चो आन

ਮੈਂ ਬਾਬੇ ਦਾ, ਬਾਬਾ ਮੇਰਾ।
ਦਿਓਟ ਗੁਫ਼ਾ ਵਿੱਚ, ਜੀਹਦਾ ਡੇਰਾ।
ਸਭ ਭਗਤਾਂ ਨੂੰ, ਤਾਰੇ ਜੇਹੜਾ॥,
ਮੈਨੂੰ ਹੈ ਵਿਸ਼ਵਾਸ,,,
ਤਾਰੂ ਮੈਨੂੰ ਵੀ,
ਬਾਹਰ ਗੁਫ਼ਾ 'ਚੋਂ ਆਣ,,,,,, ॥।

ਬਾਬਾ ਕਰਦਾ, ਮੋਰ ਸਵਾਰੀ।
ਤਾਂਹੀਓਂ ਕਹਿੰਦੇ, ਪੌਣਾਹਾਰੀ॥
ਬਗ਼ਲ 'ਚ ਝੋਲੀ, ਜਟਾ ਸੁਨਹਿਰੀ॥,
ਮਾਂ ਰਤਨੋਂ ਦਾ ਲਾਲ,,,
ਤਾਰੂ ਮੈਨੂੰ ਵੀ,
ਬਾਹਰ ਗੁਫ਼ਾ 'ਚੋਂ ਆਣ,,,,,, ॥।

ਮੈਂ ਸੁਣਿਆ ਤੇਰੇ, ਦਵਾਰ ਤੇ ਬਾਬਾ।
ਕੋਈ ਨਾ ਜਾਵੇ, ਖ਼ਾਲੀ ਬਾਬਾ॥
ਸੁਣਕੇ ਤੇਰੀਆਂ, ਸਿਫਤਾਂ ਬਾਬਾ॥,
ਆ ਗਿਆ ਤੇਰੇ ਦਵਾਰ,,,
ਤਾਰੂ ਮੈਨੂੰ ਵੀ,
ਬਾਹਰ ਗੁਫ਼ਾ 'ਚੋਂ ਆਣ,,,,,, ॥।

ਬਾਬਾ ਮੇਰਾ, ਸਿੰਗੀਆਂ ਵਾਲਾ।
ਸਭ ਭਗਤਾਂ ਦਾ, ਏਹ ਰੱਖਵਾਲਾ॥
ਮਾਂ ਰਤਨੋਂ ਦਾ, ਪਾਲੀ ਭਗਤੋ॥,
ਕਰਦਾ ਬੇੜੇ ਪਾਰ,,,
ਤਾਰੂ ਮੈਨੂੰ ਵੀ,
ਬਾਹਰ ਗੁਫ਼ਾ 'ਚੋਂ ਆਣ,,,,,, ॥।

ਸ਼ਿਵ ਭੋਲੇ ਦਾ, ਰੂਪ ਹੈ ਬਾਬਾ।
ਸਭ ਨੂੰ ਜਾਵੇ, ਤਾਰੀ ਬਾਬਾ॥
ਲਾ ਕੇ ਬਹਿ ਗਿਆ, ਡੇਰਾ ਬਾਬਾ॥,
ਜੱਸੀ ਤੇਰੇ ਦਵਾਰ,,,
ਤਾਰੂ ਮੈਨੂੰ ਵੀ,
ਬਾਹਰ ਗੁਫ਼ਾ 'ਚੋਂ ਆਣ,,,,,, ॥
ਤਾਰੂ ਮੈਨੂੰ ਵੀ,
ਪੂਰਾ ਹੈ ਵਿਸ਼ਵਾਸ,,,,,, ॥।
ਲੇਖਕ- ਜੱਸੀ ਧੂਤੀ ਬਾਘੀਓ ਵਾਲਾ
ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/29784/title/bahar-gufa-cho-aan

अपने Android मोबाइल पर BhajanGanga App डाउनलोड करें और भजनों का आनंद ले |